**Class: VIII** **Subject: Punjabi**

## ਪਾਠ 2 : ਪੇਮੀ ਦੇ ਨਿਆਣੇ

ਲੇਖਕ- ਪ੍ਰਿੰ. ਸੰਤ ਸਿੰਘ ਸ਼ੇਖੋਂ

**ਪ੍ਰਸ਼ਨ1 . ਲੇਖਕ ਅਤੇ ਉਸਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ ?**

ਉੱਤਰ . ਲੇਖਕ ਅਤੇ ਉਸਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਖੇਤ ਆਪਣੇ ਬਾਪੂ ਤੇ ਕਾਮੇ ਦੀ ਰੋਟੀ ਫੜਾਉਣ ਜਾਣਾ ਪੈਂਦਾ ਸੀ।

**ਪ੍ਰਸ਼ਨ 2 . ਬੱਚਿਆਂ ਨੂੰ ਕਿਹੜੀ ਗੱਲ ਭੈ ਸਾਗਰ ਲੱਗਦੀ ਸੀ ਅਤੇ ਕਿਉਂ?**

ਉੱਤਰ . ਬੱਚਿਆਂ ਨੂੰ ਜਰਨੈਲੀ ਸੜਕ ਪਾਰ ਕਰਨੀ ਭੈ ਸਾਗਰ ਲੱਗਦੀ ਸੀ ਕਿਉਂਕਿ ਉੱਥੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪਰਦੇਸ਼ੀਆਂ ਦਾ ਲਾਂਘਾਂ ਸੀ।

**ਪ੍ਰਸ਼ਨ3 . ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਅਤੇ ਕਿਹੜੀਆਂ ਨੂੰ ਸੁਰਗ ਆਖਦਾ ਹੈ?**

ਉੱਤਰ . ਲੇਖਕ ਮਰਦਾਸਾ ਜਾਣ ਤੇ ਖੇਤ ਰੋਟੀ ਲੈ ਜਾਣ ਨੂੰ ਨਰਕ ਅਤੇ ਖੇਤ ਨੂੰ ਸੁਰਗ ਆਖਦਾ ਸੀ।

**ਪ੍ਰਸ਼ਨ4 . ਲੇਖਕ ਅਤੇ ਉਸਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ ?**

ਉੱਤਰ . ਲੇਖਕ ਅਤੇ ਉਸਦੀ ਭੈਣ **ਨੇ** ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਹਾਣੀ ਸੁਣਾਉਣ ਦਾ ਤਰੀਕਾ ਸੋਚਿਆ।

**ਪ੍ਰਸ਼ਨ5 . ਭੈਣ-ਭਰਾ ਸੜਕ ਪਾਰ ਕਰਨ ਵਿੱਚ ਸਫ਼ਲ ਕਿਵੇਂ ਹੋਏ?**

ਉੱਤਰ . ਭੈਣ- ਭਰਾ ਪੇਮੀ ਦਾ ਨਾਂ ਲੈ ਕੇ ਸੜਕ ਪਾਰ ਕਰਨ ਵਿੱਚ ਸਫ਼ਲ ਹੋ ਗਏ।

## ਪਾਠ-3 : ਛਿੰਝ ਛਰਾਹਾਂ ਦੀ

**ਪ੍ਰ1: 'ਛਿੰਝ ਛਰਾਹਾਂ ਦੀ ' ਮੇਲਾ ਕਿੱਥੇ ਅਤੇ ਕਦੋਂ ਲੱਗਦਾ ਹੈ? ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ?**

**ਉ:** ਇਹ ਮੇਲਾ ਜ਼ਿਲਾ ਹੁਸਿਆਰਪੁਰ ਦੀ ਤਹਿਸੀਲ਼ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵਸੇ 'ਬੀਤ ' ਇਲਾਕੇ ਦੇ ਪਿੰਡ ਅਚਲਪੁਰ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਮੇਲੇ ਵਾਲ਼ੇ ਸਥਾਨ ਅਚਲਪੁਰ ਨੂੰ ਵੱਖ-2 ਇਲਾਕਿਆਂ ਤੋਂ ਛੇ ਪਗਡੰਡੀਆਂ ਆ ਕੇ ਮਿਲਦੀਆਂ ਸਨ। ਛੇ ਰਾਹਾਂ ਦਾ ਕੇਂਦਰ ਬਿੰਦੂ ਹੋਣ ਕਰਕੇ ਇਸ ਮੇਲੇ ਦਾ ਨਾਂ 'ਛਿੰਝ ਛਰਾਹਾਂ ਦੀ' ਦੀ ਪੈ ਗਿਆ।

**ਪ੍ਰ2: ਇਸ ਮੇਲੇ 'ਤੇ ਕਿਹੜੀਆਂ-2 ਰਸਮਾਂ ਨਿਭਾਈਆਂ ਜਾਂਦੀਆਂ ਹਨ?**

**ਉ:**ਮੇਲੇ ਵਿੱਚ ਆਉਣ ਵੇਲੇ ਸੰਗਤਾਂ ਸਭ ਤੋਂ ਪਹਿਲਾਂ ਇਸ ਜਗ੍ਹਾ 'ਤੇ ਸਥਿਤ ਸਿੱਧ ਬਾਬਾ ਬਾਲਕ ਰੂਪ ਜੀ ਦੇ ਮੰਦਰ ਉੱਪਰ ਨਤਮਸਤਕ ਹੋਣ ਦੀ ਰਸਮ ਨਿਭਾਉਂਦੀਆਂ ਹਨ। ਇੱਕ ਮਹੀਨਾ ਪਹਿਲਾਂ ਹੀ ਆਲੇ-ਦੁਆਲੇ ਪਿੰਡਾਂ ਵੱਲੋਂ ਇਸ ਜਗ੍ਹਾ ਉੱਪਰ ਜੱਗ ਕਰਵਾਏ ਜਾਂਦੇ ਹਨ। ਮੇਲੇ ਦੇ ਸਾਰੇ ਦਿਨਾਂ ਵਿੱਚ ਅਤੁੱਟ ਲੰਗਰ ਚੱਲਦਾ ਹੈ। ਇਸ ਦਿਨ ਘਰਾਂ ਵਿੱਚ ਮਾਹਾਂ ਦੀ ਦਾਲ ਜਰੂਰ ਬਣਦੀ ਹੈ। ਪਹਿਲਵਾਨਾਂ ਦੇ ਘੋਲ ਕਰਵਾਏ ਜਾਂਦੇ ਹਨ ਅਤੇ ਪੁਰਾਣੇ ਪੇਂਡੂ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ।

**ਪ੍ਰ3: ਕਿਰਸਾਣੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ ਸੰਬੰਧ ਕਿਵੇਂ ਜੁੜਿਆ ਹੋਇਆ ਹੈ?**

**ਉ:** ਮੇਲੇ ਦਾ ਕਿਰਸਾਣੀ ਜੀਵਨ ਨਾਲ਼ ਸੰਬੰਧ ਇਸ ਕਰਕੇ ਹੈ ਕਿਉਂਕਿ ਕਿਰਸਾਨ ਇਸ ਸਮੇਂ ਮੱਕੀ ਦੀ ਫ਼ਸਲ ਅਤੇ ਕੱਖ-ਕੰਡਾ ਸੰਭਾਲ ਕੇ ਕਣਕ ਦੀ ਬਿਜਾਈ ਦਾ ਕੰਮ ਨਿਬੇੜ ਲੈਂਦੇ ਹਨ। ਮੇਲੇ ਦੇ ਦਿਨ ਉਹਨਾਂ ਲਈ ਵਿਹਲੇ ਹੁੰਦੇ ਹਨ।

**ਪ੍ਰ4. ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿੱਚ ਕਿਹੜਾ ਅੰਤਰ ਦੇਖਣ ਨੂੰ ਮਿਲਦਾ ਹੈ?**

**ਉ:** ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿੱਚ ਕਾਫ਼ੀ ਅੰਤਰ ਇਸ ਕਰਕੇ ਆ ਗਿਆ ਹੈ ਕਿਉਂਕਿ ਅੱਜ-ਕੱਲ੍ਹ ਆਵਾਜਾਈ ਦੇ ਸਾਧਨਾਂ ਵਿੱਚ ਵਾਧਾ ਹੋਣ ਕਰਕੇ ਲੋਕਾਂ ਦੇ ਖਰੀਦਣ ਦੇ ਢੰਗਾਂ ਵਿੱਚ ਕਾਫ਼ੀ ਤਬਦੀਲੀ ਆ ਗਈ ਹੈ। ਪੁਰਾਣੀ ਫੋਟੋਗਰਾਫ਼ੀ ਦੀ ਤਕਨੀਕ ਵੀ ਬਦਲ ਗਈ ਹੈ। ਬਲਦਾਂ ਦੀ ਮੰਡੀ, ਰੰਗ-ਬਿਰੰਗੇ ਪਰਾਂਦਿਆਂ ਅਤੇ ਰਿਬਨਾਂ ਨਾਲ ਸਜੀ ਊਠਾਂ ਦੀ ਮੰਡੀ, ਲਾਹੌਰ ਤੋਂ ਆਈਆਂ ਹੱਟੀਆਂ ਲੱਗਭਗ ਨਾ-ਮਾਤਰ ਰਹਿ ਗਈਆਂ ਹਨ।

**ਪ੍ਰ5: ਪੁਰਾਣੇ ਸਮਿਆਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ?**

**ਉ:**ਪੁਰਾਣੇ ਸਮਿਆਂ ਵਿੱਚ ਲੋਕ ਮੇਲੇ ਦੇ ਦਿਨਾਂ ਵਿੱਚ ਆਪਣੇ ਘਰਾਂ ਨੂੰ ਲਿੱਪਦੇ-ਪੋਚਦੇ, ਬੈਠਕਾਂ ਨੂੰ ਸ਼ਿੰਗਾਰਦੇ ਸਨ ਅਤੇ ਮੇਲੇ ਤੋਂ ਪਹਿਲਾਂ ਹੀ ਮਹਿਮਾਨਾਂ ਦਾ ਆਉਣਾ ਸ਼ੁਰੂ ਹੋ ਜਾਂਦਾ। ਦੂਰੋਂ ਦੂਰੋਂ ਜਿਵੇਂ ਦੁਆਬਾ, ਹਿਮਾਚਲ ਪ੍ਰਦੇਸ਼ ਆਦਿ ਇਲਾਕਿਆਂ ਵਿੱਚ ਲੋਕ ਆਕੇ ਹਾਜ਼ਰੀ ਭਰਦੇ। ਲੋਕ ਬੜੇ ਚਾਅ ਨਾਲ ਸਾਲ ਭਰ ਇਸ ਮੇਲੇ ਨੂੰ ਉਡੀਕਦੇ।

**ਪ੍ਰ6: 'ਛਰਾਹਾਂ ਦੀ ਛਿੰਝ' ਦੇ ਮੇਲੇ ਦਾ ਦ੍ਰਿਸ਼ ਵਰਨਣ ਕਰੋ।**

**ਉ:** ਇਸ ਮੇਲੇ ਵਿੱਚ ਦੁਕਾਨਾਂ ਲਾਉਣ ਲਈ ਮੇਲੇ ਤੋਂ ਕਈ ਦਿਨ ਪਹਿਲਾਂ ਥਾਂ ਮੱਲ ਲਈ ਜਾਂਦੀ ਹੈ। ਮੇਲੇ ਦੇ ਦਿਨਾਂ ਵਿੱਚ ਬਹੁਤ ਭੀੜ ਹੁੰਦੀ ਹੈ ਕਿ ਉੱਥੋਂ ਗੁਜ਼ਰਨਾ ਵੀ ਮੁਸ਼ਕਲ ਹੋ ਜਾਂਦਾ ਹੈ। ਮੁਟਿਆਰਾਂ ਅਤੇ ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਹਨ। 'ਬੀਤ ਭਲਾਈ ਕਮੇਟੀ' ਵੱਲੋਂ ਤਿੰਨ ਰੋਜ਼ਾ ਖੇਡ ਮੇਲੇ ਅਤੇ ਸੱਭਿਆਚਾਰਕ ਮੇਲੇ ਕਰਵਾਏ ਜਾਂਦੇ ਹਨ। ਇਹ ਮੇਲਾ ਆਪਸੀ ਰਿਸ਼ਤਿਆਂ ਦਾ ਬਹੁਤ ਨਿੱਘ ਵਧਾਉਂਦੇ ਹਨ।

## ਪਾਠ 4 : ਸ੍ਰੀ ਗੁਰੂ ਅਰਜ਼ਨ ਦੇਵ ਜੀ

ਲੇਖਕ- ਡਾ. ਹਰਿੰਦਰ ਕੌਰ

**ਪ੍ਰਸ਼ਨ1. ਸ੍ਰੀ ਗੁਰੂ ਅਰਜ਼ਨ ਦੇਵ ਜੀ ਦਾ ਜਨਮ ਕਦੋਂ ਹੋਇਆ ? ਉਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?**

ਉੱਤਰ. ਸ੍ਰੀ ਗੁਰੂ ਅਰਜ਼ਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਦਾ ਨਾਂ ਭਾਨੀ ਜੀ ਸੀ।

**ਪ੍ਰਸ਼ਨ2. ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ?**

ਉੱਤਰ. ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਬਾਬਾ ਬੁੱਢਾ ਜੀ ਪਾਸੋਂ ਗ੍ਰਹਿਣ ਕੀਤੀ।

**ਪ੍ਰਸ਼ਨ3. ਗੁਰੂ ਅਰਜਨ ਦੇਵ ਜੀ ਨੂੰ ' ਦੋਹਿਤਾ ਬਾਣੀ ਕਾ ਬੋਹਿਥਾ ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ?**

ਉੱਤਰ. ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਗੁਰੂ ਅਮਰਦਾਸ ਜੀ ਨੇ ਦਿੱਤਾ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 5894 ਸ਼ਬਦਾਂ ਵਿੱਚੋਂ 2218 ਸ਼ਬਦਾਂ ਦੀ ਰਚਨਾਂ ਕਰਕੇ ਇਸ ਵਰ ਤੇ ਖਰੇ ਉੱਤਰੇ।

**ਪ੍ਰਸ਼ਨ4. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ ? ਉਸ ਬਾਰੇ ਕੁਝ ਸਤਰਾਂ ਲਿਖੋਂ?**

ਉੱਤਰ. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ 'ਸੁਖਮਨੀ ਸਾਹਿਬ ' ਹੈ। ਇਸ ਵਿੱਚ ਸਰਲ ਢੰਗ ਨਾਮ- ਸਿਮਰਨ, ਸੰਤ, ਭਗਤ, ਬ੍ਰਹਮਗਿਆਨੀ, ਜੀਵਨ-ਜੁਗਤ, ਆਦਿ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹੋਏ ਹਨ।

**ਪ੍ਰਸ਼ਨ5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਕਿਸ ਨੇ ਕੀਤਾ ਅਤੇ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ?**

ਉੱਤਰ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਹ ਕਾਰਜ 1604 ਈ. ਵਿੱਚ ਸੰਪੂਰਨ ਹੋਇਆ।

**ਪ੍ਰਸ਼ਨ6. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ ?**

ਉੱਤਰ. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ **ਸਾਂਈ** ਮੀਆਂ ਮੀਰ ਤੋਂ 1588 ਈ. ਨੂੰ ਰਖਵਾਈ ਗਈ।

**ਪ੍ਰਸ਼ਨ7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ਼ ਹੈ? ਕੋਈ ਪੰਜ ਨਾਂ ਲਿਖੋ।**

ਉੱਤਰ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ,ਸੰਤਾਂ ਤੇ ਭਗਤਾਂ ਦੀ ਬਾਣੀ ਦਰਜ਼ ਹੈ। ਪੰਜ ਭਗਤਾਂ ਦੇ ਨਾਂ - ਕਬੀਰ ਜੀ, ਬਾਬਾ ਫ਼ਰੀਦ ਜੀ, ਰਾਮਾਨੰਦ, ਨਾਮਦੇਵ ਅਤੇ ਤ੍ਰਿਲੋਚਨ।

**ਪ੍ਰਸ਼ਨ8. ਸ੍ਰੀ ਗੁਰੂ ਅਰਜ਼ਨ ਦੇਵ ਜੀ ਨੇ ਜਨਤਕ ਭਲਾਈ ਦੇ ਕਿਹੜੇ-ਕਿਹੜੇ ਕੰਮ ਕੀਤੇ?**

ਉੱਤਰ. ਸ੍ਰੀ ਗੁਰੂ ਅਰਜ਼ਨ ਦੇਵ ਜੀ ਨੇ **ਜਨਤਕ** ਭਲਾਈ ਦੇ ਬਹੁਤ ਕੰਮ ਕੀਤੇ। ਸਿੱਖੀ ਦੇ ਪ੍ਰਚਾਰ ਲਈ ਧਾਰਮਿਕ ਸਥਾਨ ਉਸਾਰੇ। ਲਾਹੌਰ ਵਿੱਚ ਬਾਉਲੀ ਬਣਵਾਈ। ਤਰਨਤਾਰਨ ਵਿੱਚ ਯਤੀਮਾਂ ਤੇ ਕੋੜ੍ਹੀਆਂ ਲਈ ਹਸਪਤਾਲ ਖੋਲ੍ਹਿਆ। ਦਸਵੰਧ ਦੀ ਪ੍ਰਥਾ ਆਰੰਭ ਕੀਤੀ। ਇਸ ਤੋਂ ਇਲਾਵਾ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਸ਼ੁਰੂ ਕੀਤਾ।

**ਪ੍ਰਸ਼ਨ9. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਉ।**

ਉੱਤਰ. ਮੁਗਲ ਹਕੂਮਤ ਨੇ ਗੁਰੂ ਅਰਜਨ ਦੇਵ ਜੀ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ। ਆਪ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ ਤੇ ਸੀਸ ਉੱਤੇ ਗਰਮ ਗਰਮ ਰੇਤ ਪਾਈ ਗਈ। ਪਰ ਆਪ ਪ੍ਰਭੂ- ਭਾਣੇ ਨੂੰ ਅਡੋਲ ਰਹਿ ਕੇ ਮੰਨਦੇ ਰਹੇ।

## ਪਾਠ 6 : ਦਲੇਰੀ

ਲੇਖਕ- ਦਰਸ਼ਨ ਸਿੰਘ ਆਸ਼ਟ

**ਪ੍ਰਸ਼ਨ1. ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਂਕ ਸੀ?**

ਉੱਤਰ. ਬਲਜੀਤ ਨੂੰ ਤੈਰਾਕੀ ਅਤੇ ਏਕਮ ਨੂੰ ਫੁੱਟਬਾਲ ਦਾ ਸ਼ੌਂਕ ਸੀ।

**ਪ੍ਰਸ਼ਨ2. ਚੰਡੀਗੜ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਕਿੱਥੇ ਗਏ ਤੇ ਉੱਥੇ ਉਹਨਾਂ ਨੇ ਕੀ ਦੇਖਿਆ?**

ਉੱਤਰ. ਚੰਡੀਗੜ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਛੱਤਬੀੜ ਚਿੜੀਆਂ- ਘਰ ਗਏ। ਉੱਥੇ ਉਹਨਾਂ ਨੇ ਕਈ ਜਾਨਵਰ ਤੇ ਪੰਛੀ ਵੇਖੇ।

**ਪ੍ਰਸ਼ਨ3. ਵਿਦਿਆਰਥੀਆਂ ਨੇ ਚੰਡੀਗੜ੍ਹ 'ਚ ਕਿਹੜੀਆਂ -ਕਿਹੜੀਆਂ ਥਾਂਵਾਂ ਵੇਖੀਆਂ ਸਨ?**

ਉੱਤਰ. ਵਿਦਿਆਰਥੀਆਂ ਨੇ ਚੰਡੀਗੜ੍ਹ ਵਿੱਚ ਰਾਕ- ਗਾਰਡਨ, ਰੋਜ਼- ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ, ਅਤੇ ਹੋਰ ਕਈ ਮਹੱਤਵਪੂਰਨ ਥਾਂਵਾਂ ਵੇਖੀਆਂ।

**ਪ੍ਰਸ਼ਨ4. ਚੰਡੀਗੜ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ ?**

ਉੱਤਰ. ਚੰਡੀਗੜ ਸ਼ਹਿਰ ਦਾ ਨਕਸ਼ਾ ਪ੍ਰਸਿੱਧ ਫ੍ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਬਣਾਇਆ ਸੀ।

**ਪ੍ਰਸ਼ਨ5. ਬਲਜੀਤ ਨੇ ਝੀਲ ਵਿੱਚ ਡੁੱਬਦੇ ਬੱਚੇ ਨੂੰ ਕਿਵੇਂ ਬਚਾਇਆ ?**

ਉੱਤਰ. ਬਲਜੀਤ ਇੱਕ ਦਮ ਰੌਲਾ ਸੁਣ ਕੇ ਝੀਲ ਵੱਲ ਦੌੜੀ, ਅਚਾਨਕ ਉਸ ਨੇ ਦੇਖਿਆ ਕਿ ਬੱਚਾ ਝੀਲ ਵਿੱਚ ਡੁੱਬ ਰਿਹਾ ਸੀ। ਕੋਈ ਵੀ ਉਸ ਨੂੰ ਬਚਾਉਣ ਲਈ ਅੱਗੇ ਨਹੀਂ ਆਇਆ। ਬਲਜੀਤ ਨੇ ਬਿਨਾਂ ਸੋਚੇ ਝੀਲ ਵਿੱਚ ਉਸ ਥਾਂ ਡੁੱਬਕੀ ਲਗਾਈ ਜਿੱਥੇ ਬੱਚਾ ਡੁੱਬ ਰਿਹਾ ਸੀ। ਉਹ

ਫੁਰਤੀ ਨਾਲ ਬੱਚੇ ਨੂੰ ਕਮੀਜ਼ ਤੋਂ ਫੜ ਕੇ ਬਾਹਰ ਲੈ ਆਈ। ਉਸ ਨੇ ਬੱਚੇ ਨੂੰ ਪੇਟ ਭਾਰ ਲਿਟਾ ਦਿੱਤਾ ਤੇ ਪੇਟ ਵਿੱਚੋਂ ਸਾਰਾ ਪਾਣੀ ਬਾਹਰ ਨਿਕਲ ਗਿਆ ਤੇ ਬੱਚਾ ਬਚ ਗਿਆ।

**ਪ੍ਰਸ਼ਨ6. ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?**

**ਉੱਤਰ.** ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕੀਤਾ। ਉਸ ਨੇ ਬਲਜੀਤ ਨੂੰ ਪੰਜ ਸੌ ਰੁਪਏ ਦੇਣੇ ਚਾਹੇ ਪਰ ਉਸ ਨੇ ਨਹੀਂ ਲਏ ਤੇ ਕਿਹਾ ਕਿ ਇਹ ਤਾਂ ਮੇਰਾ ਫ਼ਰਜ਼ ਸੀ।

**ਪ੍ਰਸ਼ਨ7. ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕੀ ਕਿਹਾ?**

**ਉੱਤਰ.** ਏਕਮ ਨੇ ਬਲਜੀਤ ਨੂੰ ਕਿਹਾ ਕਿ ਭੈਣ ਜੋ ਕੰਮ ਅਸੀਂ ਮੁੰਡੇ ਨਹੀਂ ਕਰ ਸਕੇ ਉਹ ਤੂੰ ਕਰ ਵਿਖਾਇਆ।

## ਪਾਠ–7: ਰੂਪਨਗਰ

**ਪ੍ਰ.1** ਰੂਪ ਨਗਰ ਦਾ ਪਹਿਲਾ ਨਾਂ ਕੀ ਸੀ? ਇਸ ਦਾ ਵਰਤਮਾਨ ਨਾਂ ਕਦੋਂ ਰੱਖਿਆ ਗਿਆ?

**ਉ.** ਰੂਪਨਗਰ ਸ਼ਹਿਰ ਦਾ ਨਾਂ 'ਰੋਪੜ' ਸੀ ਇਸ ਦਾ ਵਰਤਮਾਨ ਨਾ 'ਰੂਪਨਗਰ' 16 ਨਵੰਬਰ, 1976 ਨੂੰ ਰੱਖਿਆ ਗਿਆ।

ਪ੍ਰ.2 ਰੂਪਨਗਰ ਸ਼ਹਿਰ ਕਿਹੜੇ ਦਰਿਆ ਉੱਤੇ ਸਥਿਤ ਹੈ ਅਤੇ ਇਸ ਦਰਿਆ ਵਿਚੋਂ ਕਿਹੜੀਆਂ – ਕਿਹੜੀਆਂ ਨਹਿਰਾਂ ਕੱਢੀਆਂ ਗਈਆਂ ਹਨ?

ਉ. ਰੂਪਨਗਰ ਸ਼ਹਿਰ ਸਤਲੁਜ ਦਰਿਆ ਉੱਤੇ ਸਥਿਤ ਹੈ। ਇਸ ਦਰਿਆ ਵਿਚੋਂ ਬਿਸਤ ਦੁਆਬ ਅਤੇ ਸਰਹਿੰਦ ਨਹਿਰਾਂ ਕੱਢੀਆਂ ਗਈਆਂ ਹਨ।

ਪ੍ਰ.3 ਰੂਪਨਗਰ ਹੈਂਡ ਵਰਕਸ ਦਾ ਦ੍ਰਿਸ਼ ਕਿਹੋ – ਜਿਹਾ ਹੈ?

ਉ. ਰੂਪਨਗਰ ਵਿਖੇ ਸਤਲੁਜ਼ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਹੈਂਡ ਵਰਕਸ ਬਣਾਇਆਂ ਗਿਆ ਹੈ।ਇਸ ਹੈਂਡ ਵਰਕਸ ਦੇ ਉਪਰਲੇ ਪਾਸੇ ਦਰਿਆ ਇੱਕ ਵੱਡੀ ਝੀਲ ਵਾਂਗ ਦਿਸਦਾ ਹੈ। ਇਸ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ–ਸਪਾਟੇ ਲਈ ਥਾਂ ਬਣਾ ਦਿੱਤੀ ਗਈ ਹੈ। ਇਸ ਤਰ੍ਹਾਂ ਰੂਪਨਗਰ ਕੁਦਰਤੀ ਦ੍ਰਿਸ਼ਾਂ ਨਾਲ ਭਰਪੂਰ ਹੈ। ਇਸ ਦੀ ਸੁੰਦਰਤਾ ਕਰਕੇ ਹੀ ਇਸ ਦਾ ਨਾਂ 'ਰੂਪਨਗਰ' ਰੱਖਿਆ ਗਿਆ ਹੈ।

ਪ੍ਰ.4 ਰੂਪਨਗਰ ਸ਼ਹਿਰ ਦਾ ਸੰਬੰਧ ਭਾਰਤ ਦੀ ਪੁਰਾਤਨ ਸੱਭਿਅਤਾ ਨਾਲ ਕਿਵੇਂ ਜੁੜਿਆ ਹੋਇਆ ਹੈ?

ਉ. ਰੂਪਨਗਰ ਸ਼ਹਿਰ ਦੇ ਪੁਰਾਤਨ ਸੱਭਿਅਤਾ ਨਾਲ ਜੁੜੇ ਹੋਣ ਦੇ ਪ੍ਰਮਾਣ ਇਸ ਸ਼ਹਿਰ ਦੀ ਖੁਦਾਈ ਹੋਣ ਤੇ ਮਿਲੇ ਹੜੱਪਾ ਅਤੇ ਮੋਹਿੰਜੋਦੜੋ ਸੱਭਿਅਤਾ ਨਾਲ ਸੰਬੰਧਿਤ ਸਿੱਕੇ, ਬਰਤਨ ਅਤੇ ਮੂਰਤੀਆਂ ਹਨ, ਵਰਤਮਾਨ ਪੰਜਾਬ ਵਿੱਚ ਸੰਘੋਲ ਅਤੇ ਰੂਪਨਗਰ ਦੋ ਹੀ ਸਥਾਨ ਹਨ ਜਿੱਥੇ ਖੁਦਾਈ ਕਰਨ ਤੇ ਪੁਰਾਣੀ ਸੱਭਿਅਤਾ ਦੇ ਚਿੰਨ੍ਹ ਮਿਲੇ ਹਨ।

ਪ੍ਰ.5 ਅੰਗਰੇਜ਼ਾਂ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਹੋਈ ਸੰਧੀ ਦਾ ਵਰਨਣ ਕਰੋ।

ਉ. 1831 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਗਵਰਨਰ ਜਨਰਲ ਲਾਰਡ ਵਿਲੀਅਮ ਬੈਟਿੰਕ ਵਿਚਕਾਰ ਇਤਿਹਾਸਕ ਸੰਧੀ ਰੂਪਨਗਰ ਸ਼ਹਿਰ ਦੇ ਸਤਲੁਜ਼ ਦੇ ਕੰਢੇ 'ਤੇ ਹੋਈ। ਇਸ ਸੰਧੀ ਅਨੁਸਾਰ ਅੰਗਰੇਜ਼ ਸਤਲੁਜ਼ ਪਾਰ ਦੇ ਇਲਾਕੇ ਵਿੱਚ ਕਦੀ ਪੈਰ ਨਹੀਂ ਸਨ ਪਾ ਸਕਦੇ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੀ ਇਸ ਪਾਸੇ ਦੀ ਹੱਦ ਸਤਲੁਜ਼ ਦਰਿਆ ਤੱਕ ਮੰਨੀ ਸੀ। ਇਹ ਸੰਧੀ ਪੰਜਾਬ ਵਿੱਚ ਹੀ ਨਹੀਂ, ਸਗੋਂ ਭਾਰਤ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਸੰਧੀ ਵਾਲੀ ਥਾਂ ਤੇ ਇੱਕ ਯਾਦਗਰ ਬਣੀ ਹੋਈ ਹੈ, ਜਿਸ ਨੂੰ ਸੈਲਾਨੀ ਜਰੂਰ ਵੇਖਣ ਆਉਂਦੇ ਹਨ।

ਪ੍ਰ.6 ਰੂਪਨਗਰ ਸ਼ਹਿਰ ਸੜਕੀ ਅਤੇ ਰੇਲ – ਮਾਰਗਾਂ ਰਾਹੀਂ ਕਿਹੜੀਆਂ – ਕਿਹੜੀਆਂ ਥਾਂਵਾਂ ਨਾਲ ਜੁੜਿਆ ਹੋਇਆ ਹੈ?

ਉ. ਰੂਪਨਗਰ ਸ਼ਹਿਰ ਜਲੰਧਰ, ਹੁਸ਼ਿਆਰਪੁਰ, ਪਠਾਨਕੋਟ, ਡਲਹੌਜ਼ੀ, ਕੁੱਲੂ – ਮਨਾਲੀ ਆਦਿ ਸ਼ਹਿਰਾਂ ਨਾਲ ਸੜਕੀ ਮਾਰਗਾਂ ਰਾਹੀਂ ਜੁੜਿਆ ਹੋਇਆ ਹੈ। ਸੰਸਾਰ ਪ੍ਰਸਿੱਧ ਭਾਖੜਾ ਡੈਮ , ਸਿੱਖ – ਧਾਮ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਜਾਣ ਲਈ ਸੜਕ ਅਤੇ ਰੇਲ – ਮਾਰਗ ਰੂਪਨਗਰ ਵਿਚੋਂ ਦੀ ਹੋ ਕੇ ਜਾਂਦੇ ਹਨ।

ਪ੍ਰ.7 ਰੂਪਨਗਰ ਦੀ ਮਹੱਤਤਾ ਦਰਸਾਉਂਦਾ ਪੈਰ੍ਹਾ ਲਿਖੋ।

ਉ. ਰੂਪਨਗਰ ਪਸ਼ੂਆਂ ਦੀ ਮੰਡੀ ਲਈ ਵੀ ਪ੍ਰਸਿੱਧ ਹੈ ਹੁਣ ਰੂਪਨਗਰ ਇੱਥੇ ਸਥਾਪਿਤ ਤਾਪ ਬਿਜਲੀ ਘਰ ਅਤੇ ਦਰਿਆ ਪਾਰ ਲੱਗੇ ਕਈ ਕਾਰਖ਼ਾਨਿਆਂ ਕਰਕੇ ਪ੍ਰਸਿੱਧ ਹੈ। ਵਿੱਦਿਅਕ ਪੱਖੋਂ ਇਹ ਸ਼ਹਿਰ ਕਾਫ਼ੀ ਉੱਨਤ ਹੈ। ਇੱਥੋਂ ਦਾ ਸਰਕਾਰੀ ਕਾਲਜ ਪੰਜਾਬ ਦੀਆਂ ਉੱਘੀਆਂ ਵਿੱਦਿਅਕ ਸੰਸਥਾਵਾਂ ਵਿੱਚ ਗਿਣਿਆ ਜਾਂਦਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਸਕੂਲ ਅਤੇ ਤਕਨੀਕੀ ਸੰਸਥਾਵਾਂ ਵੀ ਇਸ ਸ਼ਹਿਰ ਵਿੱਚ ਹਨ। ਬੱਸ ਅੱਡੇ ਦੇ ਨੇੜੇ ਹੀ ਨਹਿਰੂ ਸਟੇਡੀਅਮ ਹੈ । ਜਿੱਥੇ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ।

## ਪਾਠ 8 : ਬਾਬਾ ਫ਼ਰੀਦ

**ਲੇਖਕ– ਪ੍ਰੋ. ਪਿਆਰਾ ਸਿੰਘ ਪਦਮ**

**ਪ੍ਰਸ਼ਨ1. ਬਾਬਾ ਫ਼ਰੀਦ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ ? ਉਹਨਾਂ ਦੇ ਮਾਤਾ–ਪਿਤਾ ਦਾ ਕੀ ਨਾਂ ਸੀ?**

**ਉੱਤਰ.** ਬਾਬਾ ਫ਼ਰੀਦ ਜੀ ਦਾ ਜਨਮ 1173 ਈ. ਨੂੰ ਮੁਲਤਾਨ ਦੇ ਇੱਕ ਨਿੱਕੇ ਜਿਹੇ ਪਿੰਡ ਕੋਠੀਵਾਲ ਵਿੱਚ ਹੋਇਆ। ਉਹਨਾਂ ਦੇ ਮਾਤਾ ਦਾ ਨਾਂ ਕਰਸੁਮ ਸੀ ਅਤੇ ਪਿਤਾ ਦਾ ਨਾਂ ਜਾਮਲੁਦੀਨ ਸੀ।

**ਪ੍ਰਸ਼ਨ2. ਬਾਬਾ ਫ਼ਰੀਦ ਜੀ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਦੇ ਸਨ?**

ਉੱਤਰ. ਬਾਬਾ ਫ਼ਰੀਦ ਜੀ ਦਾ ਜੀਵਨ ਬੜਾ ਹੀ ਸਰਲ, ਸਾਦਾ, ਸਬਰ- ਸੰਤੋਖ ਤੇ ਗਰੀਬੀ ਵਾਲਾ ਸੀ। ਉਹ ਮਸਾਂ ਹੀ ਗੁਜ਼ਾਰਾ ਕਰਦੇ ਸਨ। ਕੱਚਾ ਕੋਠਾ, ਜੁਆਰ ਦੀ ਰੋਟੀ, ਉਬਲੇ ਹੋਏ ਛੋਲੇ ਤੇ ਸਧਾਰਨ ਕੰਬਲੀ ਹੀ ਉਹਨਾਂ ਦੀ ਦੌਲਤ ਸੀ। ਜੋ ਬਾਹਰੋਂ ਚੜ੍ਹਾਵਾ ਆਉਂਦਾ, ਉਹ ਫ਼ਕੀਰ ਦੇ ਲੰਗਰ ਵਿੱਚ ਪਾ ਛੱਡਦੇ ਤੇ ਗਰੀਬਾਂ ਨੂੰ ਵੰਡ ਛੱਡਦੇ।

**ਪ੍ਰਸ਼ਨ3. ਬਾਬਾ ਫ਼ਰੀਦ ਜੀ ਦਾ ਕੀ ਉਪਦੇਸ਼ ਸੀ ? ਉਹਨਾਂ ਦੇ ਉਪਦੇਸ਼ ਦੀ ਪ੍ਰੋੜਤਾ ਕਰਦੀ ਘਟਨਾ ਆਪਣੇ ਸ਼ਬਦਾਂ ਵਿੱਚ ਲਿਖੋ?**

ਉੱਤਰ. ਉਹਨਾਂ ਦਾ ਉਪਦੇਸ਼ ਸੀ ਸਭ ਨਾਲ ਪਿਆਰ ਕਰੋ ਅਤੇ ਸਭ ਦਾ ਭਲਾ ਮਨਾਉ। ਜੇ ਕੋਈ ਤੁਹਾਡਾ ਬੁਰਾ ਵੀ ਕਰੇ ਤਾਂ ਭਲਾਈ ਕਰਕੇ ਉਸ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰੋ। ਇੱਕ ਵਾਰ ਇੱਕ ਸੱਜਣ ਫ਼ਰੀਦ ਜੀ ਕੋਲ ਕੈਂਚੀ ਦੀ ਸਿਫ਼ਤ ਕੀਤੀ ਕਿ ਇਹ ਬਹੁਤ ਤਿੱਖੀ ਹੈ ਪਰੰਤੂ ਫ਼ਰੀਦ ਜੀ ਨੇ ਕੈਂਚੀ ਵਾਪਸ ਕਰ ਦਿੱਤੀ ਤੇ ਕਿਹਾ ਭਾਈ ਇਹ ਕੱਟਣ ਵਾਲੀ ਚੀਜ਼ ਨਹੀਂ ਚਾਹੀਦੀ। ਮੈਨੂੰ ਇੱਕ ਸੂਈ ਲਿਆ ਦਿਉ ਜੋ ਪਾਟਿਆ ਨੂੰ ਜੋੜ ਸਕੇ। ਜੋ ਅੱਡੋ-ਅੱਡ ਨਿੱਖੜੇ ਦਿਲਾਂ ਨੂੰ ਪ੍ਰੀਤ- ਪਿਆਰ ਦੇ ਧਾਗੇ ਵਿੱਚ ਪਰੋ ਸਕੇ।

**ਪ੍ਰਸ਼ਨ4. ' ਫ਼ਰੀਦ ਕੰਨਿ ਮੁਸਲਾ ਸੂਫੁ ਗਲਿ ਦਿਲ ਕਾਤੀ ਗੁੜੁ ਵਾਤਿ ।।**
**ਬਾਹਿਰ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ। '**
**ਉਪਰੋਕਤ ਸਲੋਕ ਦਾ ਭਾਵ ਸਪਸ਼ਟ ਕਰੋ।**

ਉੱਤਰ. ਇਸ ਸਲੋਕ ਵਿੱਚ ਫ਼ਰੀਦ ਜੀ ਸਮਝਾਉਂਦੇ ਹਨ ਕਿ ਕਾਲੇ ਸੂਫ ਦੇ ਕੱਪੜੇ ਪਾਉਣ ਨਾਲ ਕੋਈ ਰੱਬੀ ਦਰਵੇਸ਼ ਨਹੀਂ ਬਣ ਜਾਂਦਾ। ਅੰਦਰੋਂ ਨੀਅਤ ਸੱਚੀ ਹੋਣੀ ਚਾਹੀਦੀ ਹੈ। ਪਾਖੰਡ ਕਰਨ ਵਾਲਾ ਮਨੁੱਖ ਹਮੇਸ਼ਾਂ ਹਨ੍ਹੇਰਾ ਢੋਂਦਾ ਹੈ।

**ਪ੍ਰਸ਼ਨ5. ਬਾਬਾ ਫ਼ਰੀਦ ਜੀ ਮੁਲਾਕਾਤ ਅਤੇ ਕਰਾਮਾਤ ਵਿੱਚੋਂ ਕਿਹੜੀ ਗੱਲ ਨੂੰ ਵੱਡਾ ਕਹਿੰਦੇ ਸਨ ? ਇਹ ਗੱਲ ਉਹਨਾਂ ਨੇ ਕਿਵੇਂ ਸੱਚੀ ਸਿੱਧ ਕਰਕੇ ਦਿਖਾਈ?**

ਉੱਤਰ. ਬਾਬਾ ਫ਼ਰੀਦ ਜੀ ਨੇ ਮੁਲਾਕਾਤ ਅਤੇ ਕਰਾਮਾਤ ਵਿੱਚੋਂ ਮੁਲਾਕਾਤ ਨੂੰ ਵੱਡਾ ਆਖਿਆ ਹੈ। ਇੱਕ ਵਾਰ ਦੀ ਗੱਲ ਹੈ ਕਿ ਸ਼ੇਖ ਫ਼ਰੀਦ ਅਤੇ ਬਹਾਉਦੀਨ ਦੂਰ ਜੰਗਲ ਵਿੱਚ ਸੈਰ ਕਰਨ ਗਏ। ਰਸਤੇ ਵਿੱਚ ਉਹ ਕਰਾਮਾਤ ਅਤੇ ਮੁਲਾਕਾਤ ਬਾਰੇ ਚਰਚਾ ਕਰ ਰਹੇ ਸਨ। ਅਚਾਨਕ ਬਹੁਤ ਤੇਜ਼ ਤੂਫਾਨ ਆ ਗਿਆ ਤਾਂ ਸ਼ੇਖ ਫ਼ਰੀਦ ਜੀ ਨੇ ਬਹਾਉਦੀਨ ਨੂੰ ਕਿਹਾ ਕਿ ਭਾਈ ਕੋਈ ਕਰਾਮਾਤ ਦਿਖਾਉ ਤਾਂ ਕਿ ਤੂਫਾਨ ਤੋਂ ਬਚਾਅ ਹੋ ਸਕੇ ਪਰੰਤੂ ਬਹਾਉਦੀਨ ਨੇ ਕਿਹਾ ਇੰਨੀ ਛੇਤੀ ਕਰਾਮਾਤ ਕਿਵੇਂ ਹੋ ਸਕਦੀ ਹੈ। ਫਿਰ ਸ਼ੇਖ ਫ਼ਰੀਦ ਜੀ
ਨੇ ਕਿਹਾ ਚੱਲ ਭਾਈ ਮੇਰੇ ਨਾਲ ਤੈਨੂੰ ਮੁਲਾਕਾਤੀ ਦੇ ਘਰ ਲੈ ਚਲੀਏ। ਉਹ ਦੋਨੋਂ ਉਸ ਸੱਜਣ ਦੇ ਘਰ ਗਏ। ਉਸਨੇ ਉਹਨਾਂ ਦਾ ਬਹੁਤ ਸੁਆਗਤ ਕੀਤਾ। ਉਹਨਾਂ ਨੂੰ ਭੋਜਨ ਖਵਾਇਆ ਤੇ ਆਰਾਮ ਕਰਨ ਲਈ ਬਿਸਤਰ ਦਿੱਤੇ। ਤੂਫਾਨ ਰੁਕਣ ਤੋਂ ਬਾਅਦ ਉਹ ਵਾਪਸ ਆ ਗਏ। ਫਿਰ ਫ਼ਰੀਦ ਜੀ ਨੇ ਕਿਹਾ ਕਿਉਂ ਭਾਈ ਹੋਈ ਨਾ ਮੁਲਾਕਾਤ ਕਰਾਮਾਤ ਨਾਲੋਂ ਵੱਡੀ।

## ਪਾਠ 10 : ਹਰਿਆਵਲ ਦੇ ਬੀਜ

### ਲੇਖਕ- ਕਰਨਲ ਜਸਬੀਰ ਭੁੱਲਰ

**ਪ੍ਰਸ਼ਨ1. ਫ਼ਕੀਰ ਨੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਤੇ ਕਿਉਂ?**

ਉੱਤਰ. ਫ਼ਕੀਰ ਨੇ ਲੋਕਾਂ ਨੂੰ ਹਰਿਆਵਲ ਦੇ ਬੀਜ ਖਿਲਾਰਨ ਦੀ ਸਿੱਖਿਆ ਦਿੱਤੀ ਕਿਉਂਕਿ ਉਹ ਲਗਾਤਾਰ ਜੰਗਲਾਂ ਦੀ ਕਟਾਈ ਕਰ ਰਹੇ ਸਨ। ਫ਼ਕੀਰ ਨੇ ਕਿਹਾ ਇਸ ਤਰ੍ਹਾਂ ਤੁਸੀਂ ਉੱਜੜ ਜਾਵੋਗੇ।

**ਪ੍ਰਸ਼ਨ2. ਲੋਕਾਂ ਵੱਲੋਂ ਰੁੱਖਾਂ ਦੀ ਅੰਨੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਨਿਕਲਿਆ ?**

ਉੱਤਰ. ਲੋਕਾਂ ਵੱਲੋਂ ਰੁੱਖਾਂ ਦੀ ਅੰਨੇਵਾਹ ਕਟਾਈ ਕਰਕੇ ਜੰਗਲ ਸੁੱਕ ਗਏ। ਹਰਿਆ -ਭਰਿਆ **ਦੇਸ** ਮਾਰੂਥਲ ਹੋ ਗਿਆ। ਫੇਰ ਹੜ੍ਹ ਵੀ ਆਏ। ਹੜ੍ਹਾਂ ਦਾ ਪਾਣੀ ਰੋਕਣ ਲਈ ਰੁੱਖ ਵੀ ਨਹੀਂ ਸਨ। ਇਸ ਕਰਕੇ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ। ਨਿੱਤ ਤੇਜ਼ ਹਵਾਵਾਂ ਵਗਦੀਆਂ ਤੇ ਧਰਤੀ ਤੇ ਰੇਤ ਵਿਛਾ ਜਾਂਦੀਆਂ। ਇੱਕ ਵਾਰ ਹਵਾ ਨੇ ਝੱਖੜ ਦਾ ਰੂਪ ਧਾਰ ਲਿਆ। ਬੇਰੰਗ ਜਿਹੇ ਢਾਰੇ ਜੜ੍ਹਾਂ ਤੋਂ ਉੱਖੜ ਗਏ। ਝੱਖੜ ਦਾ ਵੇਗ ਲੋਕਾਂ ਨੂੰ ਅਣਕਿਆਸੇ ਥਾਂਵਾਂ ਵੱਲ ਉਡਾ ਕੇ ਲੈ ਗਿਆ।

**ਪ੍ਰਸ਼ਨ3. ਮਾਰੂਥਲ ਦੇ ਤੂਫਾਨ ਕਾਰਨ ਭੀਖੂ ਤੇ ਉਸ ਦੇ ਪਰਿਵਾਰ ਨਾਲ ਕੀ ਵਾਪਰਿਆ ?**

ਉੱਤਰ. ਮਾਰੂਥਲ ਦੇ **ਤੂਫਾਨ** ਸਾਹਮਣੇ ਕੋਈ ਵੀ ਟਿਕ ਨਹੀਂ ਸਕਿਆ। ਭੀਖੂ ਨੇ ਆਪਣੀ ਪਤਨੀ ਤੇ ਪੁੱਤਰ ਨੂੰ ਘੁੱਟ ਕੇ ਫੜ੍ਹਿਆ ਹੋਇਆ ਸੀ। ਉਹਨਾਂ ਦੇ ਪੈਰ ਧਰਤੀ ਤੇ ਨਹੀਂ ਟਿਕੇ। ਉੱਖੜੀਆਂ ਝਾੜੀਆਂ ਵਾਂਗੂ ਉਹ ਅੱਗੇ ਲੁੜਕਦੇ, ਰਿੜ੍ਹਦੇ ਗਏ।ਅਚਾਨਕ ਬਾਹਵਾਂ ਫੈਲਾਂ ਦਿੱਤੀਆਂ। ਉਹ ਬਾਹਵਾਂ ਦੇ ਘਿਰੇ ਵਿੱਚ ਅਟਕ ਗਏ। ਜਦੋਂ **ਤੂਫਾਨ** ਰੁਕ ਗਿਆ ਤਾਂ ਉਹਨਾਂ ਨੇ ਦੇਖਿਆ ਜਿਸ ਨੇ ਉਹਨਾਂ ਦੀ ਜਾਨ ਬਚਾਈ, ਉਹ ਇੱਕ ਰੁੱਖ ਸੀ।

**ਪ੍ਰਸ਼ਨ4. ਬਿਪਤਾ ਦੇ ਸਮੇਂ ਭੀਖੂ ਤੇ ਉਸ ਦੇ ਪਰਿਵਾਰ ਲਈ ਰੁੱਖ ਕਿਵੇਂ ਸਹਾਈ ਹੋਇਆ ?**

ਉੱਤਰ. ਬਿਪਤਾ ਦੇ ਸਮੇਂ ਭੀਖੂ ਤੇ ਉਸ ਦੇ ਪਰਿਵਾਰ ਦੀ ਰੁੱਖ ਨੇ ਜਾਨ ਬਚਾਈ। ਭੀਖੂ ਨੇ ਰੁੱਖ ਦੀਆਂ ਟਾਹਣੀਆਂ ਕੱਟ ਕੇ ਪਰਿਵਾਰ ਦੇ ਰਹਿਣ ਲਈ ਢਾਰਾ ਬਣਾਇਆ। ਰੁੱਖ ਦੀ ਲੱਕੜ ਤੋਂ ਮੰਜਾ, ਪੀੜ੍ਹਾ ਵੀ ਬਣਾਇਆ। ਇਸ ਤੋਂ ਇਲਾਵਾ ਰੁੱਖ ਉਹਨਾਂ ਨੂੰ ਬੈਠਣ ਲਈ ਠੰਡੀ ਛਾਂ ਤੇ ਖਾਣ ਲਈ ਫਲ ਦਿੰਦਾ ਸੀ। ਭੀਖੂ ਦਾ ਪੁੱਤਰ ਆੜੀ ਸਮਝ ਕੇ ਰੁੱਖ ਨਾਲ ਖੇਡਦਾ ਰਹਿੰਦਾ ਸੀ।

**ਪ੍ਰਸ਼ਨ 5 . ਫ਼ਕੀਰ ਨੇ ਭੀਖੂ ਨੂੰ ਨਵੇਂ ਰੁੱਖ ਲਾਉਣ ਲਈ ਕਿਵੇਂ ਪ੍ਰੇਰਿਆ?**

**ਉੱਤਰ .** ਫ਼ਕੀਰ ਰੁੱਖ ਦਾ ਹਸ਼ਰ ਵੇਖ ਕੇ ਉਦਾਸ ਹੋ ਗਿਆ। ਉਹ ਕੁਝ ਦੇਰ ਚੁੱਪ ਰਿਹਾ ਤੇ ਫਿਰ ਬੋਲਿਆ, "ਹਮੇਸ਼ਾਂ ਰੁੱਖ ਕੱਟੇ ਹੀ ਨੇ। ਕਦੀ ਰੁੱਖ ਲਾਏ ਵੀ ਨੇ? ਇਸ ਦੁਨੀਆਂ ਵਿੱਚੋਂ ਹਰਿਆਵਲ ਦੇ ਬੀਜ ਖ਼ਤਮ ਹੋ ਗਏ?"

**ਪ੍ਰਸ਼ਨ6 . ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲਬਾਤ ਤੋਂ ਕੀ ਪ੍ਰੇਰਨਾ ਮਿਲੀ ?**

**ਉੱਤਰ .** ਸਿਰਫ਼ ਸਾਨੂੰ ਰੁੱਖ ਵੱਢਣ ਵਾਲੇ ਹੀ ਨਹੀਂ ਬਣਨਾ ਚਾਹੀਦਾ। ਸਗੋਂ ਰੁੱਖ ਉਗਾਉਣ ਵਾਲੇ ਵੀ ਬਣਨਾ ਚਾਹੀਦਾ ਹੈ। ਆਲਮ ਹਰਿਆਵਲ ਦੇ ਬੀਜ ਲੱਭਣ ਤੁਰ ਪਿਆ। ਉਹ ਜਿੱਧਰੋਂ ਵੀ ਲੰਘਦਾ, ਰੁੱਖ ਲਾਉਂਦਾ ਤੁਰਿਆ ਜਾਂਦਾ।

## ਪਾਠ-11: ਪੰਜਾਬੀ ਲੋਕ - ਨਾਚ : ਗਿੱਧਾ

**ਸੁਖਦੇਵ ਮਾਦਪੁਰੀ**

ਪ੍ਰ.1 ਲੋਕ - ਨਾਚ ਕਿਸ ਨੂੰ ਆਖਦੇ ਹਨ?

ਉ. ਕਿਸੇ ਖ਼ੁਸ਼ੀ ਦੇ ਮੌਕੇ 'ਤੇ ਮਨੁੱਖ ਦੇ ਅੰਦਰੋਂ ਜਦੋਂ ਖ਼ੁਸ਼ੀ ਦੀਆਂ ਲਹਿਰਾਂ ਉੱਠਦੀਆਂ ਹਨ ਤਾਂ ਮਨੁੱਖੀ ਸਰੀਰ ਇਨ੍ਹਾਂ ਦਾ ਪ੍ਰਗਟਾਵਾ ਕੁਝ ਹਰਕਤਾਂ ਰਾਹੀਂ ਕਰਦਾ ਹੈ। ਜਦੋਂ ਇੱਕ ਮਨੁੱਖ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਦੂਸਰੇ ਸਾਥੀ ਉਸ ਨਾਲ ਰਲ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਹ ਨਾਚ ਇੱਕ ਸਮੂਹਿਕ ਨਾਚ ਦਾ ਰੂਪ ਧਾਰ ਲੈਂਦਾ ਹੈ । ਇਸ ਸਮੂਹਿਕ ਨਾਚ ਨੂੰ ਅਸੀਂ ਲੋਕ - ਨਾਚ ਆਖਦੇ ਹਾਂ।

ਪ੍ਰ. 2 ਪੰਜਾਬ ਦੇ ਲੋਕ - ਨਾਚ ਕਿਹੜੇ - ਕਿਹੜੇ ਹਨ?

ਉ. ਪੰਜਾਬ ਦੇ ਲੋਕ - ਨਾਚ ਗਿੱਧਾ, ਭੰਗੜਾ, ਝੂੰਮਰ, ਲੁੱਡੀ, ਧਮਾਲ ਸੰਮੀ ਤੇ ਕਿੱਕਲੀ ਆਦਿ ਹਨ।

ਪ੍ਰ.3 ਗਿੱਧਾ ਕਦੋਂ ਪਾਇਆ ਜਾਂਦਾ ਹੈ?

ਉ. ਗਿੱਧਾ ਆਪਣੇ ਮਨ੍ਹ ਦੇ ਭਾਵ ਨੂੰ ਪ੍ਰਗਟ ਕਰਨ ਲਈ ਖ਼ੁਸ਼ੀ ਦੇ ਮੌਕਿਆਂ 'ਤੇ ਪਾਇਆ ਜਾਂਦਾ ਹੈ। ਇਹ ਵਿਆਹ -ਸ਼ਾਦੀਆਂ ਦੇ ਮੌਕਿਆਂ 'ਤੇ ਤਾਂ ਵਿਸ਼ੇਸ਼ ਰੂਪ ਵਿੱਚ ਪਾਇਆ ਜਾਂਦਾ ਹੈ। ਸਾਉਣ ਦੇ ਮਹੀਨੇ 'ਤੇ ਤੀਆਂ ਦੇ ਤਿਉਹਾਰ ਤੇ ਗਿੱਧੇ ਦੀ ਖ਼ੂਬ ਧੂਮ ਮੱਚਦੀ ਹੈ।

ਪ੍ਰ.4 ਮੁਟਿਆਰਾਂ ਗਿੱਧਾ ਕਿਵੇਂ ਪਾਉਂਦੀਆਂ ਹਨ?

ਉ. ਮੁਟਿਆਰਾਂ ਗਿੱਧਾ ਇੱਕ ਗੋਲ - ਦਾਇਰੇ ਵਿੱਚ ਖਲੋ ਕੇ ਪਾਉਂਦੀਆਂ ਹਨ। ਗੋਲ ਦਾਇਰੇ ਵਿਚਕਾਰ ਇੱਕ ਕੁੜੀ ਘੜਾ ਜਾਂ ਢੋਲਕੀ ਲੈ ਕੇ ਬਹਿ ਜਾਂਦੀ ਹੈ ਜਦੋਂ ਢੋਲਕੀ ਵੱਜਦੀ ਹੈ ਤਾਂ ਇੱਕ ਕੁੜੀ ਬਾਂਹ ਚੁੱਕ ਕੇ ਦਾਇਰੇ ਵਿੱਚ ਘੁੰਮਦੀ ਹੋਈ ਬੋਲੀ ਪਾਉਂਦੀ ਹੈ। ਉਹ ਜਦੋਂ ਬੋਲੀ ਦਾ ਆਖਰੀ ਟੱਪਾ ਬੋਲਦੀ ਹੈ ਤਾਂ ਗੋਲ - ਦਾਇਰੇ ਵਿੱਚ ਖਲੋਤੀਆਂ ਕੁੜੀਆਂ ਉਸ ਟੱਪੇ ਦੇ ਬੋਲਾਂ ਨੂੰ ਚੁੱਕ ਲੈਂਦੀਆਂ ਹਨ ਤੇ ਉੱਚੀ - ਉੱਚੀ ਗਾਉਣ ਲੱਗਦੀਆਂ ਹਨ। ਉਹ ਗਾਉਂਦੀਆਂ - ਗਾਉਂਦੀਆਂ ਨਾਲ ਤਾੜੀ ਵੀ ਮਾਰਦੀਆਂ ਹਨ। ਦੋ ਕੁੜੀਆਂ ਦਾਇਰੇ ਵਿੱਚੋਂ ਨਿੱਕਲ ਕੇ ਪਿੜ ਵਿੱਚ ਆ ਕੇ ਨੱਚਣ ਲੱਗਦੀਆਂ ਹਨ। ਤਦ ਤੱਕ ਨੱਚਦੀਆਂ ਹਨ, ਜਦ ਤੱਕ ਦੂਜੀਆਂ ਕੁੜੀਆਂ ਬੋਲੀ ਚੁੱਕਦੀਆਂ ਹਨ। ਬੋਲੀ ਬੰਦ ਹੋਣ ਤੇ ਉਹ ਨੱਚਣਾ ਬੰਦ ਕਰਕੇ ਦਾਇਰੇ ਵਿੱਚ ਰਲ ਜਾਂਦੀਆ ਹਨ। ਫਿਰ ਉਸ ਤੋਂ ਅਗਲੀ ਬੋਲੀ ਪਾਈ ਜਾਂਦੀ ਹੈ। ਫਿਰ ਦੋ ਹੋਰ ਕੁੜੀਆਂ ਆ ਕੇ ਦਾਇਰੇ ਵਿੱਚ ਨੱਚਦੀਆਂ ਹਨ ਇਸ ਤਰ੍ਹਾਂ ਗਿੱਧਾ ਮੱਘਦਾ ਰਹਿੰਦਾ ਹੈ।

ਪ੍ਰ.5 ਮੁਟਿਆਰਾਂ ਦੇ ਗਿੱਧੇ ਅਤੇ ਮਰਦਾਂ ਦੇ ਗਿੱਧੇ ਵਿੱਚ ਕੀ ਅੰਤਰ ਹੈ?

ਉ. ਗਿੱਧਾ ਕੇਵਲ ਮੁਟਿਆਰਾਂ ਦਾ ਨਾਚ ਹੀ ਨਹੀਂ ਬਲਕਿ ਗੱਭਰੂ ਵੀ ਪਾਉਂਦੇ ਹਨ। ਪਰ ਗੱਭਰੂਆਂ ਦੇ ਗਿੱਧੇ ਵਿੱਚ ਮੁਟਿਆਰਾਂ ਵਾਲਾ ਰੰਗ ਨਹੀ਼ ਹੁੰਦਾ। ਗੱਭਰੂਆਂ ਦੇ ਗਿੱਧਾ ਪਾਉਣ ਦਾ ਢੰਗ ਤਾਂ ਮੁਟਿਆਰਾ ਵਾਲਾ ਹੀ ਹੁੰਦਾ ਹੈ ਪਰੰਤੂ ਉਨ੍ਹਾਂ ਦੇ ਨਾਚ ਵਿੱਚ ਉਹ ਲਚਕ, ਮਟਕ ਨਹੀਂ ਹੁੰਦੀ ਜੋ ਮੁਟਿਆਰਾਂ ਦੇ ਨਾਚ ਵਿੱਚ ਹੁੰਦੀ ਹੈ। ਅਸਲ ਵਿੱਚ ਮਰਦਾਂ ਦਾ ਜ਼ਿਆਦਾ ਜ਼ੋਰ ਬੋਲੀਆਂ 'ਤੇ ਹੁੰਦਾ ਹੈ। ਉਹ ਲੰਮੀਆਂ - ਲੰਮੀਆਂ ਤੇ ਲੜੀ - ਬੱਧ ਬੋਲੀਆਂ ਪਾਉਂਦੇ ਹਨ। ਉਨ੍ਹਾਂ ਵਿਚੋਂ ਇੱਕ ਜਣਾ ਬੋਲੀ ਪਾਉਂਦਾ ਹੈ ਤੇ ਬਾਕੀ ਗਿੱਧੇ ਦੀ ਤਾਲ ਨਾਲ ਬੋਲੀ ਤੇ ਅੰਤਰੇ ਨੂੰ ਚੁੱਕਦੇ ਹਨ।

## ਪਾਠ-12: ਪੰਜਾਬ ਦਾ ਸੁਪਨਸਾਜ਼

**(ਡਾ.ਮਹਿੰਦਰ ਸਿੰਘ ਰੰਧਾਵਾ)**

**ਪ੍ਰ1: ਡਾ. ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮ-ਪਲ ਸਨ? ਉਹਨਾਂ ਨੇ ਕਿਹੜੀ-2 ਵਿੱਦਿਅਕ ਯੋਗਤਾ ਪ੍ਰਾਪਤ ਕੀਤੀ?**

**ੳ:** ਡਾ. ਮਹਿੰਦਰ ਸਿੰਘ ਰੰਧਾਵਾ ਪਿੰਡ ਜ਼ੀਰਾ ਦੇ ਜੰਮਪਲ ਹਨ। ਉਹਨਾਂ ਨੇ 1924 ਈ: ਵਿੱਚ ਖਾਲਸਾ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ 1930 ਈ: ਵਿੱਚ ਐੱਮ.ਐਸ.ਸੀ. ਕਰਨ ਪਿੱਛੋਂ 1934 ਈ: ਵਿੱਚ ਲੰਡਨੋ ਆਈ.ਸੀ.ਐੱਸ. ਦੀ ਪ੍ਰਤੀਯੋਗਤਾ ਪਾਸ ਕੀਤੀ। ਉਹਨਾਂ ਦਾ ਜੱਦੀ ਪਿੰਡ ਬੋਦਲਾ, ਜ਼ਿਲ੍ਹਾ ਹੁਸ਼ਿਆਰਪੁਰ ਸੀ।

**ਪ੍ਰ2: ਇੱਕ ਅਧਿਕਾਰੀ ਵਜੋਂ ਡਾ. ਮਹਿੰਦਰ ਸਿੰਘ ਰੰਧਾਵਾ ਕਿਹੜੇ-2 ਮੁੱਖ ਅਹੁਦਿਆਂ ਤੇ ਸੁਸ਼ੋਭਿਤ ਰਹੇ?**

**ੳ:** ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪ ਨੇ ਉੱਤਰ-ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਵੱਖ-2 ਉੱਚੇ ਅਹੁਦਿਆਂ ਉੱਤੇ ਕੰਮ ਕੀਤਾ। ਫਿਰ ਆਪ ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਰਹੇ। ਫਿਰ ਆਪ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ-ਕੁਲਪਤੀ ਬਣੇ। ਬਨਸਪਤੀ ਵਿਗਿਆਨ ਦੇ ਸੰਬੰਧ ਵਿੱਚ ਕੀਤੀ ਖੋਜ਼ ਉੱਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਪ ਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ।

**ਪ੍ਰ3: ਪੰਜਾਬ ਵਿੱਚ ਖੇਤੀ-ਬਾੜੀ ਨੂੰ ਉੱਨਤ ਕਰਨ ਲਈ ਡਾ. ਮਹਿੰਦਰ ਸਿੰਘ ਰੰਧਾਵਾ ਦਾ ਕੀ ਯੋਗਦਾਨ ਹੈ?**

**ਉ:** ਪੰਜਾਬ ਵਿੱਚ ਖੇਤੀ-ਬਾੜੀ ਨੂੰ ਉੱਨਤ ਕਰਨ ਲਈ ਆਪ ਨੇ ਵਿਸ਼ੇਸ਼ ਸਕੀਮਾਂ ਬਣਾਈਆਂ। 'ਘਣੀ ਖੇਤੀ' ਜ਼ਿਲਾ ਪ੍ਰੋਗਰਾਮ, 'ਘਣੀ ਖੇਤੀ' ਇਲਾਕਾ ਪ੍ਰੋਗਰਾਮ, ਵਿਸ਼ੇਸ਼-ਖੇਤੀ ਰੇਡੀਓ-ਪ੍ਰੋਗਰਾਮ ਅਤੇ ਖੇਤੀ ਸਾਹਿਤ ਦੀ ਸਿਰਜਣਾ ਆਦਿ ਰਾਹੀਂ ਖੇਤੀ ਦਾ ਪ੍ਰਚਾਰ ਕੀਤਾ। ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਯੂ.ਪੀ. ਦੇ ਪਿੰਡਾਂ ਵਿੱਚ ਖੇਤੀ ਦਾ ਵਿਕਾਸ ਕੀਤਾ। ਪਸ਼ੂ-ਪਾਲਣ ਅਤੇ ਫਲਾਂ ਫੁੱਲਾਂ ਦੀ ਖੋਜ ਅਤੇ ਵਿਕਾਸ ਵਿੱਚ ਵੀ ਆਪ ਦਾ ਵੱਡਾ ਯੋਗਦਾਨ ਹੈ।

**ਪ੍ਰ4: ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ?**

**ਉ:** ਡਾ. ਮਹਿੰਦਰ ਸਿੰਘ ਰੰਧਾਵਾ, ਲੇਖਕਾਂ ਤੇ ਬੁੱਧੀਜੀਵੀਆਂ ਦੀ ਵਿਸ਼ੇਸ਼ ਕਦਰ ਕਰਦੇ ਸਨ। ਉਹਨਾਂ ਨੇ ਕਲਾਕਾਰਾਂ ਦੀਆਂ ਕਲਾ-ਕ੍ਰਿਤਾ ਖਰੀਦਣ ਲਈ ਲੋਕਾਂ ਨੂੰ ਪ੍ਰੇਰਿਆ। ਲੇਖਕਾਂ , ਗਾਇਕਾਂ ਅਤੇ ਬੁੱਧੀ ਜੀਵੀਆਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦਿੱਤੇ। ਆਪ ਨੇ ਆਖ਼ਰੀ ਸਾਲਾਂ ਵਿੱਚ 'ਭਾਰਤੀ ਖੇਤੀ ਇਤਿਹਾਸ' ਚਾਰ ਜਿਲਦਾਂ ਵਿੱਚ ਲਿਖਿਆ। ਆਪ ਨੇ 'ਟ੍ਰਿਬਿਊਨ' ਦੇ ਟ੍ਰਸਟੀ ਬਣ ਕੇ 'ਪੰਜਾਬੀ ਟ੍ਰਿਬਿਊਨ' ਆਰੰਭ ਕਰਵਾਈ ਅਤੇ ਪੰਜਾਬੀ ਬੋਲੀ ਨੂੰ ਮੁਹਾਰਤ ਦਿੱਤੀ।

**ਪ੍ਰ5: ਵਿਗਿਆਨ ਦੇ ਖੇਤਰ ਨਾਲ ਡਾ. ਮਹਿੰਦਰ ਸਿੰਘ ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੋਇਆ ਹੈ?**

**ਉ:** ਡਾ. ਮਹਿੰਦਰ ਸਿੰਘ ਰੰਧਾਵਾ ਦਾ ਵਿਗਿਆਨ ਦੇ ਖੇਤਰ ਨਾਲ ਨਾਂ ਇਸ ਕਰਕੇ ਜੁੜਿਆ ਹੈ ਕਿਉਂਕਿ ਉਹਨਾਂ ਨੇ ਕਿਸਾਨਾਂ ਨੂੰ ਖੇਤੀ ਦੇ ਵਾਹੁਣ ਬੀਜਣ ਦੇ ਵਿਗਿਆਨਕ ਢੰਗ ਦੱਸੇ।ਆਪ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ। ਫਸਲਾਂ ਨੂੰ ਖਾਦਾਂ ਪਾਉਣ ਅਤੇ ਕੀੜਿਆਂ ਤੋਂ ਬਚਾਉਣ ਦੇ ਵਿਗਿਆਨਕ ਢੰਗ ਦੱਸੇ। ਉਹਨਾਂ ਨੇ ਲੋਕਾਂ ਨੂੰ ਨਵੇਂ ਵਿਗਿਆਨਕ ਢੰਗਾਂ ਤੋਂ ਜਾਗੂਰਕ ਕਰਨ ਲਈ ਯੂਨੀਵਰਸਿਟੀ ਵਿੱਚ ਇੱਕ ਵਿਭਾਗ ਕਾਇਮ ਕੀਤਾ।

**ਪ੍ਰ6: ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿੱਚ ਕੀ ਦੱਸਿਆ ਹੋਇਆ ਹੈ?**

**ਉ:** ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਉੱਚੀ ਅਤੇ ਸੁਭਾਅ ਦ੍ਰਿੜ ਸੀ। ਉਹ ਹਰ ਕੰਮ ਡਟ ਕੇ ਕਰਦੇ ਸੀ।ਆਲਸ ਉਹਨਾਂ ਦੇ ਨੇੜੇ-ਤੇੜੇ ਵੀ ਨਹੀਂ ਸੀ। ਉਹ ਠੇਠ ਪੰਜਾਬੀ ਸਨ। ਉਹਨਾਂ ਵਿੱਚ ਆਪਣੇ ਸਹਿਯੋਗੀਆਂ ਤੋਂ ਕੰਮ ਲੈਣ ਦਾ ਬਹੁਤ ਵੱਡਾ ਹੁਨਰ ਸੀ। ਉਹਨਾਂ ਨੇ ਅਲੱਗ-2 ਇਲਾਕਿਆਂ ਦੇ ਗੀਤ ਉੱਥੋਂ ਦੇ ਲੋਕਾਂ ਦੇ ਅੰਦਾਜ਼ ਵਿੱਚ ਲਿਖੇ।

**ਪ੍ਰ7: ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ. ਮਹਿੰਦਰ ਸਿੰਘ ਰੰਧਾਵਾ ਨੇ ਕੀ ਜਤਨ ਕੀਤੇ?**

**ਉ:**ਪੰਜਾਬ ਨੂੰ ਸੋਹਣਾ ਬਣਾਉਣ ਲਈ ਉਹਨਾਂ ਨੇ ਪਿੰਡਾਂ ਦੇ ਲੋਕਾਂ ਨੂੰ ਨਵੇਂ-2 ਢੰਗ ਦੱਸੇ।ਉਹਨਾਂ ਦੀ ਸੋਚ ਸੀ ਕਿ ਪੰਜਾਬ ਦੇ ਪਿੰਡ ਦਾ ਹਰੇਕ ਘਰ ਫੁੱਲਾਂ ਨਾਲ ਸਜਿਆ ਹੋਵੇ। ਖੇਤਾਂ ਵਿੱਚੋਂ ਟ੍ਰੈਕਟਰਾਂ ਦੇ ਫਪ-ਫਪ ਕਰਨ ਦੀ ਆਵਾਜ਼ ਆਵੇ। ਪਿੰਡਾਂ ਵਿੱਚ ਮਸ਼ੀਨਾਂ ਦੀ ਮੁਰੰਮਤ ਕਰਨ ਦੀਆਂ ਸਹੂਲਤਾਂ ਹੋਣ। ਇਸ ਇਰਾਦੇ ਨੂੰ ਮੁੱਖ ਰੱਖ ਕੇ ਹੀ ਆਪ ਪੰਜਾਬ ਦੇ ਕਮਿਸ਼ਨਰ ਬਣੇ ਸਨ।

**ਪ੍ਰ8: ਡਾ. ਮਹਿੰਦਰ ਸਿੰਘ ਰੰਧਾਵਾ ਨੇ ਲੁਧਿਆਣਾ ਵਿਖੇ ਪੇਂਡੂ ਅਜਾਇਬ-ਘਰ ਕਿਸ ਮਨੋਰਥ ਨਾਲ ਬਣਵਾਇਆ ਗਿਆ?**

**ਉ:** ਡਾ. ਮਹਿੰਦਰ ਸਿੰਘ ਰੰਧਾਵਾ ਨੇ ਲੁਧਿਆਣਾ ਵਿਖੇ ਖੇਤੀ-ਬਾੜੀ ਯੂਨੀਵਰਸਿਟੀ ਵਿੱਚ ਪੇਂਡੂ-ਅਜਾਇਬ ਘਰ ਬਣਵਾਇਆ ਅਤੇ ਉਸ ਵਿੱਚ ਜਿਉਂਦਾ-ਜਾਗਦਾ 'ਪੇਂਡੂ ਸੱਭਿਆਚਾਰ ਪੇਸ਼ ਕੀਤਾ। ਵੱਡੇ-2 ਪਿੰਡਾਂ ਵਿੱਚ ਵੀ ਪੇਂਡੂ ਅਜਾਇਬ ਘਰ ਬਣਵਾਏ। ਉਸ ਵਿੱਚ ਸਾਰੇ ਪੁਰਾਣੇ ਮਿੱਟੀ ਦੇ ਭਾਂਡੇ, ਫੁਲਕਾਰੀਆਂ ਬਾਗ ਆਦਿ ਰਖਵਾਏ। ਉਹਨਾਂ ਨੇ ਇਹ ਸਭ ਕੁਝ ਇਸ ਲਈ ਕੀਤਾ ਤਾਂ ਕਿ ਪੰਜਾਬ ਭਾਵੇਂ ਕਿੰਨ੍ਹਾ ਵੀ ਬਦਲ ਜਾਵੇ, ਲੋਕ ਇਹਨਾਂ ਅਜਇਬ ਘਰਾਂ ਵਿੱਚੋਂ ਪੁਰਾਣੇ ਪੰਜਾਬ ਦੀ ਤਸਵੀਰ ਸ਼ੀਸੇ ਵਾਂਗ ਵੇਖ ਸਕਣ। ਇਹ ਅਜਾਇਬ ਘਰ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ।ਡਾ. ਮਹਿੰਦਰ ਸਿੰਘ ਰੰਧਾਵਾ ਚਾਹੁੰਦੇ ਸਨ ਕਿ ਪੱਛਮ ਦੀ ਰੋਸ਼ਨੀ ਸਾਡੇ ਪੁਰਾਣੇ ਪੰਜਾਬ ਨੂੰ ਖ਼ਤਮ ਨਾ ਕਰ ਦੇਵੇ।

**ਪ੍ਰ9: ਚੰਡੀਗੜ੍ਹ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਦੀ ਕੀ ਦੇਣ ਹੈ?**

**ਉ:** ਚੰਡੀਗੜ੍ਹ ਨੂੰ ਸੋਹਣਾ ਬਣਾਉਣ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੀ ਬਹੁਤ ਵੱਡੀ ਦੇਣ ਹੈ। ਉਹਨਾਂ ਚੰਡੀਗੜ੍ਹ ਦੇ ਰੋਜ਼-ਗਾਰਡਨ ਵਿੱਚ ਇੱਕ ਹਜ਼ਾਰ ਤੋਂ ਵੱਧ ਗੁਲਾਬ ਦੇ ਫੁੱਲਾਂ ਦੀਆਂ ਵੰਨਗੀਆਂ ਬਾਹਰੋਂ ਮੰਗਵਾਈਆਂ। ਸੜਕਾਂ ਦੇ ਦੋਹੀਂ ਪਾਸੀ ਲਾਉਣ ਲਈ ਸਜਾਵਟੀ-ਬੂਟੇ ਦੂਰ-ਦੁਰਾਂਡੀਆਂ ਧਰਤੀਆਂ ਤੋਂ ਮੰਗਵਾਏ। ਚੰਡੀਗੜ੍ਹ ਦੇ ਸੈਂਕਟਰ 10 ਵਿੱਚ ਬਣਾਈ ਵੱਡੇ-2 ਕਲਾਕਾਰਾਂ ਦੀਆਂ ਕਲਾਂ-ਕ੍ਰਿਤਾ ਦੀ ਪ੍ਰਦਰਸਨੀ ਆਮ ਦਰਸ਼ਕਾਂ ਨੂੰ ਕੀਲ ਲੈਂਦੀ ਹੈ। ਪੰਜਾਬ ਕਲਾ ਪ੍ਰੀਸ਼ਦ 'ਨਾਂ' ਦੀ ਇੱਕ ਸੰਸਥਾ ਬਣਾਈ। ਚਿੱਤਰਾਂ ਦੀ ਨੁਮਾਇਸ਼ ਲਈ ਇੱਕ ਵਿਸ਼ੇਸ਼ ਹਾਲ ਬਣਵਾਇਆ। ਉਹਨਾਂ ਦੀ ਯਾਦ ਵਿੱਚ 'ਰੰਧਾਵਾ ਆਡੀਟੋਰੀਅਮ' ਵੀ ਬਣਿਆ ਹੋਇਆ ਹੈ।

## ਪਾਠ **14** : ਸਾਂਝੀ ਮਾਂ

### ਲੇਖਕ. ਗੁਲਜਾਰ ਸਿੰਘ ਸੰਧੂ

ਪ੍ਰਸ਼ਨ1. ਸ਼ੁਰੂ ਵਿੱਚ ਪੰਜਾਬ ਕੌਰ ਨੂੰ ਕਿਸੇ ਪ੍ਰਕਾਰ ਦਾ ਭੈ ਕਿਉਂ ਨਹੀਂ ਸੀ?

ਉੱਤਰ. ਸ਼ੁਰੂ ਵਿੱਚ ਪੰਜਾਬ ਕੌਰ ਨੂੰ ਕਸ਼ਮੀਰ ਦੀ ਲੜਾਈ ਚਾਂਦਮਾਰੀ (ਨਿਸ਼ਾਨੇਬਾਜੀ) ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਰੱਖਦੀ। ਗੋਲਾਬਾਰੀ, ਟੈਂਕਾਂ ਦੀ ਗਰਜ ਉਸ ਦੇ ਰੋਜ਼ਾਨਾ ਦੇ ਕੰਮਾਂ ਵਿੱਚ ਵਿਘਨ ਨਾ ਪਾ ਸਕੀ। ਉਹ ਸਮਝਦੀ ਸੀ ਜਿਵੇਂ ਖੇਡਣ ਤੋਂ ਪਹਿਲਾਂ ਸਾਰੇ ਖਿਡਾਰੀ ਅਭਿਆਸ ਕਰਦੇ ਹਨ। ਇਸ ਕਰਕੇ ਉਸ ਨੂੰ ਯੁੱਧ ਤੋਂ ਕੋਈ ਭੈ ਨਹੀਂ ਸੀ ਲੱਗਦਾ।

**ਪ੍ਰਸ਼ਨ2. "ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖ਼ਬਰ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ ਹੋਵੇ।" ਪੰਜਾਬ ਕੌਰ ਨੂੰ ਅਜਿਹਾ ਕਿਉਂ ਜਾਪਿਆ ?**

ਉੱਤਰ. ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖ਼ਬਰ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ ਹੋਵੇ ਕਿਉਂਕਿ ਅਜਿਹੇ ਘਸਮਾਣ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਸ਼ਹੀਦ ਹੋ ਗਏ ਸਨ। ਇੱਕ ਹੋਰ ਯੁੱਧ ਵਿੱਚ ਬੰਦਾ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾਈ ਸੀ। ਉਸ ਦੇ ਗੁਆਂਢੀ ਸ਼ਹਿਰ ਅਟਾਰੀ ਵਾਲੇ ਸਰਦਾਰ ਸ਼ਾਮ ਸਿੰਘ ਨੇ ਹਰੀਕੇ ਪੱਤਣ ਨੂੰ ਗੋਰਿਆਂ ਦੀ ਲਾਲ ਰੱਤ ਨਾਲ ਰੰਗ ਦਿੱਤਾ ਸੀ। ਪੰਜਾਬ ਦੀ ਧਰਤੀ ਖ਼ੂਨੋਂ-ਖ਼ੂਨ ਹੋ ਗਈ ਸੀ।

**ਪ੍ਰਸ਼ਨ3. ਯੁੱਧ ਦੀ ਖ਼ਬਰ ਨੇ ਸਾਰੇ ਸ਼ਹਿਰੀਆਂ ਨੂੰ ਇੱਕ-ਮੁੱਠ ਕਿਵੇਂ ਕਰ ਦਿੱਤਾ ?**

ਉੱਤਰ. ਸਰਹੱਦ ਦੇ ਪਾਰ ਭਾਰਤੀ ਜਵਾਨ ਪਾਕਿਸਤਾਨੀ ਸਿਪਾਹੀਆਂ ਨਾਲ ਗੁੱਥਮ-ਗੁੱਥਾਂ ਹੋ ਰਹੇ ਸਨ। ਘਸਮਾਣ ਦੇ ਯੁੱਧ ਦੀ ਖ਼ਬਰ ਨੇ ਸਾਰੇ ਸ਼ਹਿਰੀਆਂ ਨੂੰ ਇੱਕ-ਮੁੱਠ ਕਰ ਦਿੱਤਾ ਸੀ। **ਰੇਡੀ**ਓ ਤੇ ਖ਼ਬਰਾਂ ਆਂ ਰਹੀਆਂ ਸੀ ਕਿ ਸ਼ਹਿਰ ਵਿੱਚ ਪੂਰਨ ਬਲੈਕ ਆਊਟ ਰੱਖੋ।

**ਪ੍ਰਸ਼ਨ4. ਪੰਜਾਬ ਕੌਰ ਆਪਣੇ ਕਿਹੜੇ ਪੁੱਤਰਾਂ ਤੇ ਬਲਿਹਾਰ ਜਾਂਦੀ ਸੀ ਤੇ ਕਿਉਂ?**

ਉੱਤਰ. ਪੰਜਾਬ ਕੌਰ ਤੋਪਚੀਆਂ ਨੂੰ ਆਪਣੇ ਪੁੱਤਰ ਮੰਨਦੀ ਸੀ ਤੇ ਉਹਨਾਂ ਤੋਂ ਬਲਿਹਾਰ ਜਾਂਦੀ ਸੀ ਕਿਉਂਕਿ ਉਹ ਸੈਂਕੜੇ ਮੀਲਾਂ ਤੋਂ ਪੈਂਡਾ ਤਹਿ ਕਰਕੇ ਉਹਨਾਂ ਦੀ ਰੱਖਿਆ ਲਈ ਆਏ ਸਨ।

**ਪ੍ਰਸ਼ਨ5. ਪੰਜਾਬ ਕੌਰ ਨੇ ਘਰ ਛੱਡਣ ਦਾ ਫ਼ੈਸਲਾ ਕਿਉਂ ਕਰ ਲਿਆ ਸੀ ?**

ਉੱਤਰ. ਪੰਜਾਬ ਕੌਰ ਨੇ ਆਪਣੇ ਘਰ ਦੇ ਦਰਵਾਜ਼ੇ ਅੱਗੇ ਡਿੱਗੇ ਬੰਬ ਤੋਂ ਡਰ ਕੇ ਘਰ ਛੱਡਣ ਦਾ ਫ਼ੈਸਲਾ ਕਰ ਲਿਆ।ਉਸ ਨੇ ਸੋਚਿਆ ਮੇਰੀ ਉਮਰ ਤਾਂ ਲੰਘ ਚੁੱਕੀ ਹੈ ਪਰੰਤੂ ਮੈਨੂੰ ਆਪਣੇ ਬੱਚਿਆਂ ਦੀ ਉਮਰ ਖ਼ਰਾਬ ਨਹੀਂ ਕਰਨੀ ਚਾਹੀਦੀ।

**ਪ੍ਰਸ਼ਨ6. ਤੋਪਚੀਆਂ ਦੇ ਸਰਦਾਰ ਨੇ ਪੰਜਾਬ ਕੌਰ ਨੂੰ ਕੀ ਕਿਹਾ ?**

ਉੱਤਰ. ਜਦੋਂ ਪੰਜਾਬ ਕੌਰ ਘਰ ਛੱਡਣ ਦੀ ਤਿਆਰੀ ਕਰਨ ਲੱਗੀ ਤਾਂ ਤੋਪਚੀਆਂ ਦੇ ਸਰਦਾਰ ਨੇ ਕਿਹਾ, ਜਿੰਨਾ ਚਿਰ ਅਸੀਂ ਜਿਊਂਦੇ ਹਾਂ ਤੁਹਾਡੀ ਵਾ' ਵੱਲ ਕੋਈ ਦੇਖ ਨਹੀਂ ਸਕਦਾ।

**ਪ੍ਰਸ਼ਨ7. 'ਅੱਧਾ ਪਰਿਵਾਰ ਪਿੱਛੇ ਛੱਡ ਕੇ ਤੁਰ ਜਾਣਾ ਕਾਇਰਤਾ ਹੈ।'ਇਸ ਵਾਕ ਵਿੱਚ ਪੰਜਾਬ ਕੌਰ,'ਅੱਧਾ ਪਰਿਵਾਰ' ਕਿਸ ਨੂੰ ਕਹਿੰਦੀ ਹੈ? ਉਹ ਕਿਹੜੀ ਗੱਲ ਨੂੰ ਕਾਇਰਤਾ ਮੰਨਦੀ ਹੈ ?**

ਉੱਤਰ. ਪੰਜਾਬ ਕੌਰ ਆਪਣਾ ਪਰਿਵਾਰ ਤੋਪਚੀਆਂ ਨੂੰ ਕਹਿੰਦੀ ਹੈ ਜੋ ਸੈਂਕੜੇ ਮੀਲਾਂ ਤੋਂ ਚੱਲ ਕੇ ਉਹਨਾਂ ਦੇ ਪਰਿਵਾਰ ਦੀ ਰੱਖਿਆ ਕਰਨ ਆਏ ਸਨ ਪਰੰਤੂ ਉਸ ਨੇ ਆਪਣੇ ਅੱਧੇ ਪਰਿਵਾਰ ਨੂੰ ਪਿੱਛੇ ਛੱਡ ਕੇ ਤੁਰ ਜਾਣਾ ਕਾਇਰਤਾ ਸਮਝਿਆ ਤੇ ਉਸ ਨੇ ਆਪਣਾ ਫ਼ੈਸਲਾ ਬਦਲ ਲਿਆ । ਭਾਵ ਉਹ ਆਪਣੇ ਪੂਰੇ ਪਰਿਵਾਰ ਨਾਲ ਉੱਥੇ ਹੀ ਰੁੱਕ ਗਈ ਕਿਉਂਕਿ ਉਹ ਤੋਪਚੀਆਂ ਨੂੰ ਆਪਣਾ ਪਰਿਵਾਰ ਸਮਝਦੀ ਸੀ ਤੇ ਉਹ ਵੀ ਉਸ ਨੂੰ ਮਾਂ ਵਾਂਗ ਪਿਆਰ ਕਰਦੇ ਸਨ।